# BUDHA DAL PUBLIC SCHOOL PATIALA
# PRE BOARD EXAMINATION (18 January 2023)
## PUNJABI
## Class – XII (Set – A)

Time Allowed: 3 hours

Maximum Marks: 80

**ਆਮ ਨਿਰਦੇਸ਼ :**

**ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ।**

**1. ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਦਿੱਤੀ ਗਈ ਚੋਣ ਨੂੰ ਧਿਆਨ ਨਾਲ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।**

**2. ਸਾਫ਼ ਅਤੇ ਸ਼ੁੱਧ ਲਿਖਿਆ ਜਾਵੇ।**

**3. ਸਹੀ ਪ੍ਰਸ਼ਨ ਨੰਬਰ ਲਿਖ ਕੇ ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।**

**ਅਡਵਾਂਸ ਪੜ੍ਹਨ-ਕੌਸ਼ਲ**

**1. ਹੇਠ ਲਿਖੇ ਵਾਰਤਕ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸ ਦੇ ਹੇਠਾਂ ਪੁੱਛੇ ਗਏ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਉਹਨਾਂ ਵਿੱਚੋਂ ਚੁਣ ਕੇ ਲਿਖੋ-** **(8+8+7=23)**

ਪੇਂਡੂ ਜੀਵਨ ਸਾਡੇ ਸੱਭਿਆਚਾਰ ਦਾ ਇੱਕ ਅਨਿੱਖੜਵਾਂ ਅੰਗ ਹੈ। ਦਿਨੋ-ਦਿਨ ਵੱਧ ਰਹੇ ਸ਼ਹਿਰੀਕਰਨ ਨੇ ਆਪਣਾ ਪ੍ਰਭਾਵ ਪਿੰਡਾਂ ਵਿੱਚ ਵੀ ਛੱਡਣਾ ਸ਼ੁਰੂ ਕਰ ਦਿੱਤਾ ਹੈ। ਸਾਡਾ ਅਮੀਰ ਸੱਭਿਆਚਾਰ ਪਿੰਡਾਂ ਵਿੱਚ ਵੱਸਦਾ ਹੈ। ਵਿਗਿਆਨਕ ਤਰੱਕੀ, ਸਮੇਂ ਦੀ ਘਾਟ, ਪੱਛਮੀ ਸੱਭਿਆਚਾਰ ਦੇ ਕਾਰਨ, ਫਾਇਦਿਆਂ ਦੇ ਨਾਲ-ਨਾਲ ਕਾਫ਼ੀ ਨੁਕਸਾਨ ਵੀ ਹੋਏ ਹਨ। ਪਿੰਡਾਂ ਦੀ ਮੋਹ-ਮੁਹੱਬਤ ਹੁਣ ਖ਼ਤਮ ਹੋਣ ਜਾ ਰਹੀ ਹੈ ਜਾਂ ਹੋ ਚੁੱਕੀ ਹੈ। ਕਈ ਵਾਰ ਤਾਂ ਇੰਝ ਲੱਗਦਾ ਹੈ ਕਿ ਸਾਡਾ ਸੱਭਿਆਚਾਰ ਹੁਣ ਖ਼ਤਮ ਹੀ ਹੋ ਗਿਆ ਹੈ। ਕੋਈ ਸਮਾਂ ਸੀ ਜਦੋਂ ਮਾਲਵੇ ਦੇ ਪਿੰਡਾਂ ਅਤੇ ਮਾਰੂਥਲ ਦੀ ਮਹਿਕ ਦਾ ਆਪਣਾ ਹੀ ਵੱਖਰਾ ਸੰਦਲੀ ਸਵਾਦ ਸੀ। ਕਈ ਵਾਰ ਤਾਂ ਮਾਲਵੇ ਦੇ ਪਿੰਡਾਂ ਦੇ ਮਾਰੂਥਲ ਵਿੱਚੋਂ ਵੀ ਚੰਦਨ ਵਰਗੀ ਮਹਿਕ ਆਉਂਦੀ ਸੀ, ਕਿਤੇ ਚਿੱਬੜਾਂ ਦੀ ਖੁਸ਼ਬੂ, ਮੱਲ੍ਹਿਆਂ ਦੇ ਬੇਰ, ਜੰਡ ਨਾਲ ਲਟਕਦੇ ਖੋਖੇ, ਫੁੱਲਾਂ ਨਾਲ ਲੱਦੇ ਕਰੀਰ, ਝੂਮਦਾ ਸਰਕੜਾ, ਸਵਰਗ ਦੀ ਯਾਦ ਕਰਵਾਉਂਦੇ ਸਨ। ਹੁਣ ਕਰੀਰ, ਜੰਡ, ਰੇਰੂ, ਬੀਤੇ ਸਮੇਂ ਦੀਆਂ ਬਾਤਾਂ ਬਣ ਕੇ ਰਹਿ ਗਏ ਹਨ। ਪਿੰਡਾਂ ਦੀ ਆਪਣੀ ਕਹਾਣੀ ਸੀ।

(ੳ) ਕਿਹੜਾ ਜੀਵਨ ਸਾਡੇ ਸੱਭਿਆਚਾਰ ਦਾ ਮੁੱਖ ਅੰਗ ਰਿਹਾ ਹੈ ?

1) ਸ਼ਹਿਰੀ ਜੀਵਨ 2) ਪੇਂਡੂ ਜੀਵਨ 3) ਪੱਛਮੀ ਸੱਭਿਆਚਾਰ 4) ਇਹਨਾਂ ਵਿੱਚੋਂ ਕੋਈ ਨਹੀਂ

(ਅ) ਕਿਸ ਨੇ ਹੁਣ ਆਪਣਾ ਪ੍ਰਭਾਵ ਪਿੰਡਾਂ ਵਿੱਚ ਵੀ ਛੱਡਣਾ ਸ਼ੁਰੂ ਕਰ ਦਿੱਤਾ ਹੈ ?

1) ਸ਼ਹਿਰੀਕਰਨ 2) ਵਿਗਿਆਨ 3) ਪੱਛਮੀ ਸੱਭਿਆਚਾਰ 4) ਇਹਨਾਂ ਵਿੱਚੋਂ ਕੋਈ ਨਹੀਂ

(ੲ) ਪਿੰਡਾਂ ਵਿੱਚੋਂ ਪੇਂਡੂ ਸੱਭਿਆਚਾਰ ਦੇ ਅਲੋਪ ਹੋਣ ਦਾ ਕੀ ਕਾਰਨ ਹੈ ?

1) ਵਿਗਿਆਨਕ ਤਰੱਕੀ 2) ਮੋਹ-ਪਿਆਰ 3) ਪੁਰਾਤਨਤਾ 4) ਨਸ਼ੇ

(ਸ) ਪਿੰਡਾਂ ਵਿੱਚੋਂ ਕਿਹੜੀ ਚੀਜ਼ ਖ਼ਤਮ ਹੁੰਦੀ ਜਾ ਰਹੀ ਹੈ ?

1) ਟਰੈਕਟਰ 2) ਜੀਪਾਂ 3) ਦੁਸ਼ਮਣੀ 4) ਮੋਹ-ਮੁਹੱਬਤ

A-1

(ਹ) ਪੰਜਾਬ ਦੇ ਮਾਲਵੇ ਇਲਾਕੇ ਦੇ ਮਾਰੂਥਲ ਦੀ ਮਹਿਕ ਦੀ ਤੁਲਨਾ ਲੇਖਕ ਨੇ ਕਿਸ ਨਾਲ ਕੀਤੀ ਹੈ ?

1) ਬੋਹੜ ਨਾਲ    2) ਪਿੱਪਲ ਨਾਲ    3) ਜੰਡ ਨਾਲ    4) ਚੰਦਨ ਨਾਲ

(ਕ) ਵਾਰਤਕ ਅਨੁਸਾਰ ਅਮੀਰ ਸੱਭਿਆਚਾਰ ਕਿੱਥੇ ਵੱਸਦਾ ਸੀ ?

1) ਪਿੰਡਾਂ ਵਿੱਚ    2) ਸ਼ਹਿਰਾਂ ਵਿੱਚ    3) ਪੱਛਮੀ ਸੱਭਿਆਚਾਰ ਵਿੱਚ    4) ਮਹਾਂਨਗਰਾਂ ਵਿੱਚ

(ਖ) ਪੈਰੇ ਅਨੁਸਾਰ ਪਿੰਡਾਂ ਦੀ ਆਪਣੀ ਕੀ ਹੈ ?

1) ਜਵਾਨੀ    2) ਕਹਾਣੀ    3) ਨਿਸ਼ਾਨੀ    4) ਇਹਨਾਂ ਵਿੱਚੋਂ ਕੋਈ ਨਹੀਂ

(ਗ) ਉੱਪਰ ਲਿਖੇ ਪੈਰੇ ਦਾ ਸਿਰਲੇਖ ਹੈ—

1) ਪੇਂਡੂ ਜੀਵਨ    2) ਸ਼ਹਿਰੀ ਜੀਵਨ    3) ਮਹਾਂਨਗਰੀ ਜੀਵਨ    4) ਇਹਨਾਂ ਵਿੱਚੋਂ ਕੋਈ ਨਹੀਂ

**ਪ੍ਰਭਾਵਸ਼ਾਲੀ ਲਿਖਣ-ਕੌਸ਼ਲ** **(8)**

**2.** ਤੁਹਾਡਾ ਕਾਰੋਬਾਰ ਸ਼ੇਅਰ ਬਚਾਰ ਨਾਲ ਜੁੜਿਆ ਹੋਇਆ ਹੈ ਅਤੇ ਕਾਰੋਬਾਰ ਲਈ ਤੁਹਾਨੂੰ ਰੋਜ਼ਾਨਾ ਮੋਬਾਈਲ ਦੀ ਵਰਤੋਂ ਕਰਨੀ ਪੈ ਰਹੀ ਹੈ। ਪਰ ਤੁਸੀ ਭਾਰਤ ਸੰਚਾਰ ਨਿਗਮ ਲਿਮਿਟਡ ਦੀ ਨੈੱਟਵਰਕ ਸੇਵਾ ਕਰਕੇ ਦਿੱਕਰ ਮਹਿਸੂਸ ਕਰ ਰਹੇ ਹੋ। ਹਾਲਾਤ ਤੋਂ ਜਾਣੂ ਕਰਵਾਉਂਦੇ ਹੋਏ ਆਪਣੇ ਇਲਾਕੇ ਦੇ ਸੰਬੰਧਿਤ ਅਧਿਕਾਰੀ ਨੂੰ ਪੱਤਰ ਲਿਖ ਕੇ ਇਸ ਵਿੱਚ ਸੁਧਾਰ ਕਰਨ ਲਈ ਆਖੋ।

**ਜਾਂ**

ਤੁਸੀ ਆਪਣੇ ਕਸਬੇ ਵਿੱਚ ਆਟਾ-ਚੱਕੀ ਲਾਈ ਹੋਈ ਹੈ। ਇਲਾਕਾ ਨਿਵਾਸੀਆਂ ਨੂੰ ਇਸ ਬਾਰੇ ਖੁੱਲ੍ਹੀ ਚਿੱਠੀ ਰਾਹੀਂ ਜਾਣਕਾਰੀ ਦਿੰਦੇ ਹੋਏ ਕਣਕ, ਦਾਲਾ ਤੇ ਹੋਰ ਅਨਾਜ ਆਦਿ ਪਿਹਾਉਣ ਤੇ ਹੋਰ ਵਿਸ਼ੇਸ਼ਤਾਵਾਂ ਦੱਸਦੇ ਹੋਏ ਅਪੀਲ ਕਰੋ।

**3. ਕਿਸੇ ਇੱਕ ਵਿਸ਼ੇ ਉੱਤੇ 125 - 150 ਸ਼ਬਦਾਂ ਵਿੱਚ ਪੈਰਾ ਰਚਨਾ ਕਰੋ** **(7)**

ਨੈਤਿਕ ਕਦਰਾਂ ਕੀਮਤਾਂ

**ਜਾਂ**

ਭਿੱਖਿਆ ਮੰਗਣਾ-ਇੱਕ ਸਮਾਜਿਕ ਕੋਹੜ/ਲਾਹਨਤ

**ਵਿਹਾਰਕ ਵਿਆਕਰਨ**

**4. ਵਾਕ-ਵਟਾਂਦਰਾ :** **(3×1=3)**

(ੳ) ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ਤਿੰਨ ਵਾਕਾਂ ਦਾ ਬੈਕਟ ਵਿੱਚ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਵਾਕ-ਵਟਾਂਦਰਾ ਕਰੋ।

1) ਕਾਂ ਚਿੜੀ ਤੋਂ ਰੋਟੀ ਖੋਹ ਕੇ ਉੱਡ ਗਿਆ। (ਸੰਜੁਗਤ ਵਾਕ ਬਣਾਓ)

2) ਖੇਡਾਂ ਦੇ ਲਾਭ ਦੱਸੋ | (ਪ੍ਰਸ਼ਨਵਾਚਕ ਵਾਕ ਬਣਾਓ)

3) ਸੂਰਜ ਨਿਕਲਿਆ ਅਤੇ ਅਸੀਂ ਆਪੋ-ਆਪਣੇ ਕੰਮਾਂ ਵਿੱਚ ਰੁੱਝ ਗਏ। (ਸਧਾਰਨ ਵਾਕ ਬਣਾਓ)

4) ਮਿਹਨਤੀ ਵਿਦਿਆਰਥੀ ਕਦੇ ਅਸਫਲ ਨਹੀਂ ਹੁੰਦੇ। (ਹਾਂ-ਵਾਚਕ ਵਾਕ ਬਣਾਓ)

5. ਅਖਾਣ/ਅਖਾਉਤਾਂ : (5×2=10)

(1) ਆਰੀ ਨੂੰ ਇੱਕ ਪਾਸੇ ਦੰਦੇ ਜਹਾਨ ਨੂੰ ਦੋਹੀਂ ਪਾਸੀ

(2) ਛੱਜ ਤਾਂ ਬੋਲੇ ਛਾਣਨੀ ਕਿਉਂ ਬੋਲੇ

(3) ਪਾਣੀ ਵਿੱਚ ਸੋਟਾ ਮਾਰਿਆਂ ਪਾਣੀ ਦੋ ਨਹੀਂ ਹੋ ਜਾਂਦੇ

(4) ਬਿੱਲੀ ਦੇ ਸਿਰ੍ਹਾਣੇ ਦੁੱਧ ਨਹੀਂ ਜੰਮਦਾ

(5) ਰਾਣੀ ਆਪਣੇ ਪੈਰ ਧੋਂਦੀ ਗੋਲੀ ਨਹੀਂ ਕਹਾਉਂਦੀ

(6) ਵੇਲੇ ਦੀ ਨਮਾਜ਼ ਕੁਵੇਲੇ ਦੀਆਂ ਟੱਕਰਾਂ

**ਸਾਹਿਤ (ਪਾਠ-ਪੁਸਤਕ ਆਧਾਰਿਤ ਪ੍ਰਸ਼ਨ)**

**ਕਵਿਤਾਵਾਂ ਵਿੱਚੋਂ**

**6. ਹੇਠ ਦਿੱਤੀਆਂ ਗਈਆਂ ਕਾਵਿ-ਟੁਕੜੀਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ: (3+5 =8)**

ਧਰਤੀ 'ਤੇ ਲਹੂ ਵੱਸਿਆ ਕਬਰਾਂ ਪਈਆਂ ਚੋਣ।
ਪ੍ਰੀਤ ਦੀਆਂ ਸ਼ਾਹਜ਼ਾਦੀਆਂ ਅੱਜ ਵਿੱਚ ਮਿਜ਼ਾਰਾਂ ਰੋਣ।
ਅੱਜ ਸੱਭੇ ਕੈਦੋਂ ਬਣ ਗਏ ਹੁਸਨ ਇਸ਼ਕ ਦੇ ਚੋਰ।
ਅੱਜ ਕਿੱਥੋਂ ਲਿਆਈਏ ਲੱਭ ਕੇ, ਵਾਰਸਸ਼ਾਹ ਇੱਕ ਹੋਰ

**ਜਾਂ**

ਉਂਞ ਤਾਂ ਹਰ ਮਾਂ ਸੋਹਣੀ ਹੁੰਦੀ, ਪਰ ਮੇਰੀ ਮਾਂ ਵੇਖ-ਵੇਖ ਕੇ
ਹਰ ਅੱਖ ਸੁਲਗੇ ਜਿਵੇਂ ਦੁਪਹਿਰੀਂ ਮੈਂ ਉਸ ਦੇ ਸੰਗ ਤੁਰਿਆ ਜਾਵਾਂ
ਚੁੱਪ ਸੰਘਣੀ, ਛਾਉਂ ਇਕਹਿਰੀ, ਨਜ਼ਰ-ਨਜ਼ਰ ਮੇਰਾ ਮਕਤਬ ਸੀ,
ਬੋਲ ਬੋਲ ਸੀ ਸੰਥਾ ਮੇਰੀ।
ਬਚਪਨ ਆਉਂਦਾ ਤਾਂ ਕਿਸ ਰਾਹੇ, ਹਰ ਰਾਹ ਸੂਲ ਸਮਝ ਨੇ ਘੇਰੀ

**7. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ : (4×1=4)**

(ੳ) ਕੁਦਰਤ ਦੀ ਸੋਹਣੀ ਦੇਵੀ ਨੇ ਅਸਮਾਨ 'ਤੇ ਖੜ੍ਹੀ ਹੋ ਕੇ ਕਿਸ ਵੱਲ ਤੱਕਿਆ ?

1) ਪਹਾੜ ਵੱਲ 2) ਦਰਿਆਵਾਂ ਵੱਲ 3) ਖੇਤਾਂ ਵੱਲ 4) ਧਰਤੀ ਵੱਲ

(ਅ) 'ਤਾਜ ਮਹਲ' ਕਿਸ ਨਦੀ ਦੇ ਕਿਨਾਰੇ ਬਣਿਆ ਹੈ ?

1) ਸਤਲੁਜ 2) ਗੰਗਾ 3) ਸਰਸਵਤੀ 4) ਜਮਨਾ

(ੲ) 'ਚੁੰਮ-ਚੁੰਮ ਰੱਖੋ' ਨਾਂ ਦੇ ਗੀਤ ਦੇ ਅਧਾਰ 'ਤੇ ਦੱਸੋ ਕਿ ਸਾਹਿਬਜ਼ਾਦਿਆਂ ਦੀ ਜੋੜੀ ਨੂੰ ਜੰਗ ਲਈ ਕਿਸ ਨੇ ਤੋਰਿਆ ?

1) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 2) ਮਾਤਾ ਗੁਜਰੀ ਜੀ ਨੇ 3) ਮਾਤਾ ਸੁੰਦਰੀ ਜੀ ਨੇ 4) ਮਾਤਾ ਜੀਤੋ ਜੀ ਨੇ

(ਸ) 'ਮੇਰਾ ਬਚਪਨ' ਕਵਿਤਾ ਵਿੱਚ ਦੋ ਕੁਮਲਾਏ ਬੂਟੇ ਕੌਣ ਹਨ ?

1) ਮੈਂ—ਪਾਤਰ ਅਤੇ ਉਸ ਦਾ ਪੁੱਤਰ 2) ਮੈਂ—ਪਾਤਰ ਦਾ ਪੁੱਤਰ ਤੇ ਧੀ

3) ਮੈਂ-ਪਾਤਰ ਦਾ ਪੁੱਤਰ ਤੇ ਧੀ 4) ਮੈਂ-ਪਾਤਰ ਅਤੇ ਉਸ ਦੀ ਮਾਂ

**ਕਹਾਣੀਆਂ ਵਿੱਚੋਂ**

8. ਕਹਾਣੀ 'ਨੀਲੀ' ਵਿਚਲੇ ਗਵਾਲੇ ਦਾ ਪਾਤਰ-ਚਿਤਰਨ 125 ਤੋਂ 150 ਸ਼ਬਦਾਂ ਵਿੱਚ ਕਰੋ। **(6)**

**ਜਾਂ**

'ਮਾੜਾ ਬੰਦਾ' ਕਹਾਣੀ ਦਾ ਵਿਸ਼ਾ-ਵਸਤੂ 125 ਤੋਂ 150 ਸ਼ਬਦਾਂ ਵਿੱਚ ਲਿਖੋ।

**9. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ : (5×1=5)**

(ੳ) ਸਾਂਝ' ਕਹਾਣੀ ਵਿੱਚ ਬੁੱਢੀ ਮਾਈ ਨੇ ਕਿਹੜੇ ਪਿੰਡ ਜਾਣਾ ਸੀ ?

1) ਬਾਗਾਂ ਵਾਲੇ 2) ਸਹੇੜੇ 3) ਮੋਰਾਂਵਾਲੇ 4) ਬਹਾਦਰਪੁਰ

(ਅ) ਗਵਾਲਾ ਗਾਂ ਦੀ ਧਾਰ ਕਿਸ ਭਾਂਡੇ ਵਿੱਚ ਕੱਢਦਾ ਸੀ ?

1) ਬਾਲਟੀ ਵਿੱਚ 2) ਜੱਗ ਵਿੱਚ 3) ਡੋਲੂ ਵਿੱਚ 4) ਗਾਗਰ ਵਿੱਚ

(ੲ) ਲੇਖਕ ਦੀ ਪਤਨੀ ਰਿਕਸ਼ੇ ਵਾਲੇ ਨੂੰ ਕੀ ਪਿਲਾਉਣ ਦੀ ਗੱਲ ਕਰਦੀ ਹੈ ?

1) ਪਾਣੀ 2) ਚਾਹ 3) ਦੁੱਧ 4) ਜੂਸ

(ਸ) ਜੀਤੋ ਦੇ ਵਿਆਹ ਸਮੇਂ ਉਸ ਨੂੰ ਕਿੰਨਵਾਂ ਸਾਲ ਲੱਗਾ ਸੀ ?

1) ਵੀਹਵਾਂ ਸਾਲ ਲੱਗਾ ਸੀ 2) ਸਤਾਰ੍ਹਵਾਂ ਸਾਲ ਲੱਗਾ ਸੀ

3) ਅਠਾਰ੍ਹਵਾਂ ਸਾਲ ਲੱਗਾ ਸੀ 4) ਪੰਝੀਵਾਂ ਸਾਲ ਲੱਗਾ ਸੀ

(ਹ) ਪ੍ਰੋਫੈਸਰ ਨੇ ਮਾਈ ਨੂੰ ਕਿੱਥੇ ਉਤਾਰਿਆ ?

1) ਪਿੰਡ ਵਿੱਚ 2) ਕਸਬੇ ਵਿੱਚ 3) ਸ਼ਹਿਰ ਵਿੱਚ 4) ਇਹਨਾਂ ਵਿੱਚੋਂ ਕੋਈ ਨਹੀਂ

**10. ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਲਿਖੋ: (5×1=5)**

1) ਅਨੰਦ-ਕਾਰਜ ਵੇਲੇ ਜੀਤੋ ਨੂੰ ਕੀ ਸਿੱਖਿਆ ਦਿੱਤੀ ਗਈ ?

2) ਰਿਕਸ਼ੇ ਵਾਲਾ ਵੇਖਣ ਵਿੱਚ ਕਿਹੋ ਜਿਹਾ ਲੱਗਦਾ ਸੀ ?

3) ਗਵਾਲੇ ਦਾ ਲੇਖਕ ਦੀ ਪਤਨੀ ਨੂੰ ਵੱਛੀ ਲਈ ਦੁੱਧ ਨਾ ਛੱਡਣ ਬਾਰੇ ਕੀ ਕਹਿਣਾ ਸੀ ?

4) 'ਸਾਂਝ' ਕਹਾਣੀ ਅਨੁਸਾਰ ਜੇਠ ਦੀ ਧੁੱਪ ਕਾਰਨ ਸੜਕ ਦੀ ਹਾਲਤ ਕਿਹੋ ਜਿਹੀ ਸੀ ?

5) ਜੀਤੋ ਦੇ ਵੀਰ ਨੂੰ ਗੱਚ ਕਿਸ ਗੱਲ ਕਰਕੇ ਆ ਗਿਆ ?

**ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ**

**11. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ: (5×1=5)**

(ੳ) ਛਪਾਰ ਦਾ ਮੇਲਾ ਕਿਸ ਦੀ ਯਾਦ ਵਿੱਚ ਲੱਗਦਾ ਹੈ ?

1) ਦੇਵੀ ਮਾਤਾ ਦੀ 2) ਗੁੱਗੇ ਦੀ 3) ਪੀਰਾਂ-ਫ਼ਕੀਰਾਂ ਦੀ 4) ਹਕੀਕਤ ਰਾਏ ਦੀ

(ਅ) ਮੁਰਦੇ ਦੀ ਖੋਪਰੀ ਠਕੋਰਨ ਨੂੰ ਕੀ ਕਹਿੰਦੇ ਹਨ ?

1) ਫੁੱਲ ਤਾਰਨਾ 2) ਲਾਂਬੂ ਲਾਉਣਾ 3) ਕਪਾਲ ਭਾਰਤੀ 4) ਕਪਾਲ ਕਿਰਿਆ

(ੲ) 'ਲੂਣ ਤੇਲ ਲਲ੍ਹੇ' ਕਿਸ ਖੇਡ ਵਿੱਚ ਸਮਾ ਗਏ ਹਨ ?

1) ਹਾਕੀ 2) ਬਾਂਦਰ ਕੀਲਾ 3) ਕ੍ਰਿਕਟ 4) ਕਬੱਡੀ

(ਸ) ਕਿਸ ਲੋਕ-ਨਾਚ ਵਿੱਚ ਗੀਤ ਦੀ ਥਾਂ ਨਚਾਰ ਮੂੰਹੋਂ ਕਈ ਪ੍ਰਕਾਰ ਦੀਆਂ ਅਵਾਜ਼ਾਂ ਕੱਢਦੇ ਹਨ ?

1) ਝੂਮਰ 2) ਲੁੱਡੀ 3) ਸੰਮੀ 4) ਧਮਾਲ

(ਹ) ਮਾਘੀ ਦਾ ਪ੍ਰਸਿੱਧ ਮੇਲਾ ਕਿੱਥੇ ਲੱਗਦਾ ਹੈ ?

1) ਸ੍ਰੀ ਨਨਕਾਣਾ ਸਾਹਿਬ 2) ਸ੍ਰੀ ਮੁਕਤਸਰ ਸਾਹਿਬ 3) ਸ੍ਰੀ ਅਨੰਦਪੁਰ ਸਾਹਿਬ 4) ਇਹਨਾਂ ਵਿੱਚੋਂ ਕੋਈ ਨਹੀਂ

**12. ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ 70 ਤੋਂ 80 ਸ਼ਬਦਾਂ ਵਿੱਚ ਲਿਖੋ : (2×4=8)**

1) ਗੁਰੂ ਸਾਹਿਬਾਂ ਦੀ ਸਮ੍ਰਿਤੀ ਵਿੱਚ ਪੰਜਾਬ ਦੇ ਕਿਹੜੇ - ਕਿਹੜੇ ਮੇਲੇ ਲੱਗਦੇ ਹਨ ? ਕਿਸੇ ਇਕ ਮੇਲੇ ਬਾਰੇ ਜਾਣਕਾਰੀ ਦਿਓ।

2) ਵਿਆਹ ਕੇ ਲਿਆਉਣ ਪਿੱਛੋਂ ਮੁੰਡੇ ਦੇ ਘਰ ਕਿਹੜੀਆਂ-ਕਿਹੜੀਆਂ ਰਸਮਾਂ ਹੁੰਦੀਆਂ ਹਨ ?

3) 'ਬਾਂਦਰ-ਕੀਲਾ' ਲੋਕ ਖੇਡ ਬਾਰੇ ਜਾਣਕਾਰੀ ਦਿਓ ।